# ਭਾਰਤ ਤੋਂ ਬਾਹਰ ਪਹਿਲਾ ਆਈਆਈਟੀ ਕੈਂਪਸ ਤਨਜ਼ਾਨੀਆ ਦੇ ਜ਼ਾਂਜ਼ੀਬਾਰ ਵਿੱਚ ਸਥਾਪਿਤ ਕੀਤਾ ਗਿਆ

06 ਜੁਲਾਈ, 2023

ਭਾਰਤ ਤੋਂ ਬਾਹਰ ਸਥਾਪਿਤ ਹੋਣ ਵਾਲਾ ਪਹਿਲਾ ਆਈਆਈਟੀ ਕੈਂਪਸ ਤਨਜ਼ਾਨੀਆ ਦੇ ਜ਼ਾਂਜ਼ੀਬਾਰ ਵਿੱਚ ਸਥਾਪਿਤ ਹੋਵੇਗਾ। ਜ਼ਾਂਜ਼ੀਬਾਰ-ਤਨਜ਼ਾਨੀਆ ਵਿੱਚ ਆਈਆਈਟੀ ਮਦਰਾਸ ਦੇ ਕੈਂਪਸ ਦੀ ਸਥਾਪਨਾ ਲਈ ਇੱਕ ਸਮਝੌਤਾ ਪੱਤਰ (ਐੱਮਓਯੂ) ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ (ਐੱਮਓਈ), ਆਈਆਈਟੀ ਮਦਰਾਸ ਸਮੇਤ ਸਿੱਖਿਆ ਅਤੇ ਵੋਕੇਸ਼ਨਲ ਸਿਖਲਾਈ ਮੰਤਰਾਲੇ (ਐੱਮਓਈਵੀਟੀ) ਜ਼ਾਂਜ਼ੀਬਾਰ-ਤਨਜ਼ਾਨੀਆ ਵਿਚਕਾਰ 5 ਜੁਲਾਈ 2023 ਨੂੰ ਜ਼ਾਂਜ਼ੀਬਾਰ ਦੇ ਰਾਸ਼ਟਰਪਤੀ ਮਾਣਯੋਗ ਡਾ. ਹੁਸੈਨ ਅਲੀ ਮਵਿਨੀ ਅਤੇ ਭਾਰਤ ਦੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਦੀ ਹਾਜ਼ਰੀ ਵਿੱਚ ਹੋਇਆ।

ਇਹ ਕੈਂਪਸ ਭਾਰਤ ਅਤੇ ਤਨਜ਼ਾਨੀਆ ਦਰਮਿਆਨ ਲੰਬੇ ਸਮੇਂ ਤੋਂ ਚੱਲੀ ਆ ਰਹੀ ਦੋਸਤੀ ਨੂੰ ਦਰਸਾਉਂਦਾ ਹੈ ਅਤੇ ਨਾਲ ਹੀ ਭਾਰਤ ਵੱਲੋਂ ਪੂਰੇ ਅਫਰੀਕਾ ਅਤੇ ਗਲੋਬਲ ਸਾਊਥ ਵਿੱਚ ਲੋਕਾਂ ਦੇ ਲੋਕਾਂ ਨਾਲ ਸਬੰਧ ਬਣਾਉਣ 'ਤੇ ਕੇਂਦਰਿਤ ਕੀਤੇ ਗਏ ਫੋਕਸ ਦੀ ਯਾਦ ਦਿਵਾਉਂਦਾ ਹੈ।

ਭਾਰਤ ਦੇ ਹਾਈ ਕਮਿਸ਼ਨਰ ਮਿਸਟਰ ਬਿਨਯਾ ਸ਼੍ਰੀਕਾਂਤਾ ਪ੍ਰਧਾਨ, ਤਨਜ਼ਾਨੀਆ ਦੇ ਪ੍ਰੋਫ਼ੇਸਰ ਰਘੁਨਾਥਨ ਰੇਂਗਾਸਵਾਮੀ, ਆਈਆਈਟੀ ਮਦਰਾਸ ਦੇ ਡੀਨ (ਗਲੋਬਲ ਇੰਗੇਜਮੇਂਟ) ਅਤੇ ਜ਼ਾਂਜ਼ੀਬਾਰ ਦੇ ਕਾਰਜਕਾਰੀ ਪ੍ਰਮੁੱਖ ਸਕੱਤਰ, (ਐੱਮਓਈਵੀਟੀ) ਮਿਸਟਰ ਖਾਲਿਦ ਮਸੂਦ ਵਜ਼ੀਰ ਨੇ ਕ੍ਰਮਵਾਰ ਭਾਰਤ ਸਰਕਾਰ ਦੇ ਸਿਖਿਆ ਮੰਤਰਾਲੇ, ਆਈਆਈਟੀ ਮਦਰਾਸ ਅਤੇ ਐੱਮਓਈਵੀਟੀ ਜ਼ਾਂਜ਼ੀਬਾਰ- ਤਨਜ਼ਾਨੀਆ ਦੀ ਤਰਫੋਂ ਸਹਿਮਤੀ ਪੱਤਰ 'ਤੇ ਹਸਤਾਖਰ ਕੀਤੇ।

ਰਾਸ਼ਟਰੀ ਸਿੱਖਿਆ ਨੀਤੀ (ਐਨਈਪੀ) 2020 ਅੰਤਰਰਾਸ਼ਟਰੀਕਰਨ 'ਤੇ ਕੇਂਦ੍ਰਿਤ ਹੈ ਅਤੇ ਤਜਵੀਜ ਕਰਦੀ ਹੈ ਕਿ "ਉੱਚ ਪ੍ਰਦਰਸ਼ਨ ਕਰਨ ਵਾਲੀਆਂ ਭਾਰਤੀ ਯੂਨੀਵਰਸਿਟੀਆਂ ਨੂੰ ਦੂਜੇ ਦੇਸ਼ਾਂ ਵਿੱਚ ਕੈਂਪਸ ਸਥਾਪਤ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ।"

ਤਨਜ਼ਾਨੀਆ ਅਤੇ ਭਾਰਤ ਵਿਚਕਾਰ ਰਣਨੀਤਕ ਭਾਈਵਾਲੀ ਨੂੰ ਮਾਨਤਾ ਦਿੰਦੇ ਹੋਏ, ਵਿਦਿਅਕ ਭਾਈਵਾਲੀ ਦੇ ਸਬੰਧਾਂ ਨੂੰ ਦਸਤਾਵੇਜ਼ 'ਤੇ ਹਸਤਾਖਰ ਕਰਕੇ ਰਸਮੀ ਰੂਪ ਦਿੱਤਾ ਗਿਆ ਹੈ ਜੋ ਧਿਰਾਂ ਨੂੰ ਜ਼ਾਂਜ਼ੀਬਾਰ-ਤਨਜ਼ਾਨੀਆ ਵਿੱਚ ਆਈਆਈਟੀ ਮਦਰਾਸ ਦੇ ਪ੍ਰਸਤਾਵਿਤ ਕੈਂਪਸ ਦੀ ਸਥਾਪਨਾ ਦਾ ਵਿਸਤਾਰ ਦੇਣ ਲਈ ਢਾਂਚਾ ਪ੍ਰਦਾਨ ਕਰਨ ਸਮੇਤ ਅਕਤੂਬਰ 2023 ਵਿੱਚ ਪ੍ਰੋਗਰਾਮ ਲਾਂਚ ਕਰਨ ਦੀ ਇਜ਼ਾਜਤ ਦਿੰਦਾ ਹੈ।
ਇਹ ਵਿਲੱਖਣ ਸਾਂਝੇਦਾਰੀ ਆਈਆਈਟੀ ਮਦਰਾਸ ਦੀ ਉੱਚ-ਦਰਜਾ ਪ੍ਰਾਪਤ ਵਿਦਿਅਕ ਮੁਹਾਰਤ ਨੂੰ ਅਫਰੀਕਾ ਵਿੱਚ ਇੱਕ ਪ੍ਰਮੁੱਖ ਮੰਜ਼ਿਲ ਵਿੱਚ ਉਪਲੱਬਧ ਕਰਵਾਏਗੀ ਅਤੇ ਖੇਤਰ ਦੀਆਂ ਮੌਜੂਦਾ ਜ਼ਰੂਰੀ ਲੋੜਾਂ ਦੀ ਪੂਰਤੀ ਕਰੇਗੀ। ਅਕਾਦਮਿਕ ਪ੍ਰੋਗਰਾਮ, ਪਾਠਕ੍ਰਮ, ਵਿਦਿਆਰਥੀਆਂ ਦੀ ਚੋਣ ਸਬੰਧਿਤ ਪਹਿਲੂ ਅਤੇ ਸਿੱਖਿਆ ਸ਼ਾਸਤਰੀ ਵੇਰਵੇ ਆਈਆਈਟੀ ਮਦਰਾਸ ਦੁਆਰਾ ਕੀਤੇ ਜਾਣਗੇ, ਜਦੋਂ ਕਿ ਪੂੰਜੀ ਅਤੇ ਸੰਚਾਲਨ ਦੇ ਖਰਚੇ ਜ਼ਾਂਜ਼ੀਬਾਰ-ਤਨਜ਼ਾਨੀਆ ਦੀ ਸਰਕਾਰ ਦੁਆਰਾ ਪੂਰੇ ਕੀਤੇ ਜਾਣਗੇ। ਇਸ ਕੈਂਪਸ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਆਈਆਈਟੀ ਮਦਰਾਸ ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ ਜਾਣਗੀਆਂ। ਅਤਿ-ਆਧੁਨਿਕ ਅੰਤਰ-ਅਨੁਸ਼ਾਸਨੀ ਡਿਗਰੀਆਂ ਦੁਆਰਾ ਇੱਕ ਵਿਭਿੰਨ ਸਮੂਹ ਨੂੰ ਆਕਰਸ਼ਿਤ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਅਤੇ ਇਸ ਵਿੱਚ ਅਫਰੀਕਾ ਅਤੇ ਹੋਰ ਦੇਸ਼ਾਂ ਦੇ ਵਿਦਿਆਰਥੀ ਵੀ ਸ਼ਾਮਲ ਹੋਣਗੇ। ਭਾਰਤੀ ਵਿਦਿਆਰਥੀ ਵੀ ਇਨ੍ਹਾਂ ਪ੍ਰੋਗਰਾਮਾਂ ਲਈ ਅਪਲਾਈ ਕਰਨ ਦੇ ਯੋਗ ਹਨ।

ਆਈਆਈਟੀ ਕੈਂਪਸ ਦੀ ਸਥਾਪਨਾ ਨਾਲ ਵਿਸ਼ਵ ਪੱਧਰ 'ਤੇ ਭਾਰਤ ਦੀ ਸਾਖ ਅਤੇ ਇਸ ਦੇ ਕੂਟਨੀਤਕ ਸਬੰਧਾਂ ਵਿੱਚ ਵਾਧਾ ਕਰੇਗਾ ਅਤੇ ਆਈਆਈਟੀ ਮਦਰਾਸ ਦੇ ਅੰਤਰਰਾਸ਼ਟਰੀ ਪਦ-ਚਿਨ੍ਹਾਂ ਦਾ ਵਿਸਤਾਰ ਹੋਵੇਗਾ। ਅੰਤਰਰਾਸ਼ਟਰੀ ਕੈਂਪਸ ਤੋਂ ਵਿਦਿਆਰਥੀ ਅਤੇ ਫੈਕਲਟੀ ਵਿਭਿੰਨਤਾ ਦੇ ਕਾਰਨ, ਆਈਆਈਟੀ ਮਦਰਾਸ ਦੀ ਸਿੱਖਿਆ ਸਮੇਤ ਖੋਜ ਦੀ ਗੁਣਵੱਤਾ ਦੇ ਹੋਰ ਵਧਣ ਦੀ ਸੰਭਾਵਨਾ ਵੀ ਬਣੀ ਹੈ। ਇਹ ਸਮਝੌਤਾ ਵਿਸ਼ਵ-ਵਿਆਪੀ ਹੋਰ ਉੱਚ-ਦਰਜਾ ਪ੍ਰਾਪਤ ਅਕਾਦਮਿਕ ਸੰਸਥਾਵਾਂ ਨਾਲ ਮਿਲਕੇ ਖੋਜ ਸਹਿਯੋਗ ਨੂੰ ਹੋਰ ਵਿਸ਼ਾਲ ਕਰਨ ਲਈ ਕੰਮ ਕਰੇਗਾ।

ਜਾਂਜ਼ੀਬਾਰ- ਤਨਜ਼ਾਨੀਆ ਵਿੱਚ ਆਈਆਈਟੀ ਕੈਂਪਸ ਦਾ ਖਿਆਲ ਇੱਕ ਵਿਸ਼ਵ ਪੱਧਰੀ ਉੱਚ ਸਿੱਖਿਆ ਅਤੇ ਖੋਜ ਸੰਸਥਾ ਵਜੋਂ ਕੀਤੀ ਗਈ ਹੈ ਜਿਸ ਦਾ ਵਿਆਪਕ ਮਿਸ਼ਨ ਉੱਭਰਦੀਆਂ ਗਲੋਬਲ ਲੋੜਾਂ ਦੇ ਜਵਾਬ ਵਿੱਚ ਯੋਗਤਾਵਾਂ ਨੂੰ ਵਿਕਸਤ ਕਰਨ, ਰਾਸ਼ਟਰਾਂ ਵਿਚਕਾਰ ਸਬੰਧਾਂ ਨੂੰ ਡੂੰਘਾ ਕਰਨ ਅਤੇ ਖੇਤਰ ਵਿੱਚ ਖੋਜ ਅਤੇ ਨਵੀਨਤਾ ਦਾ ਸਮਰਥਨ ਕਰਨਾ ਸ਼ਾਮਿਲ ਹੈ। ਇਹ ਭਾਰਤੀ ਉੱਚ ਸਿੱਖਿਆ ਅਤੇ ਨਵੀਨਤਾ ਦੇ ਅਭਿਲਾਸ਼ੀ ਗੁਣਾਂ ਦੀ ਦੁਨੀਆ ਨੂੰ ਇੱਕ ਉਦਾਹਰਣ ਪੇਸ਼ ਕਰੇਗਾ।

**ਨਵੀਂ ਦਿੱਲੀ**
**06 ਜੁਲਾਈ, 2023**